# ਯੀਸ਼ੂ ਨੇ ਇੱਕ ਆਦਮੀ ਨੂੰ ਚੰਗਾ ਕੀਤਾ ਅਤੇ ਉਹਨੂੰ ਇਹਦੇ ਬਾਰੇ ਦੱਸਣ ਲਈ ਘਰ ਭੇਜਿਆ।

**ਪ੍ਰਾਥਨਾ**:- ''ਪਿਆਰੇ ਪਰਮੇਸ਼ਵਰ, ਬੇਨਤੀ ਕਰਕੇ ਇਸ ਪੜ੍ਹਾਈ ਨੂੰ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਦੀ ਮੱਦਦ ਲਈ ਇਸਤਮਾਲ ਕਰੋ ਕਿ ਉਹ ਦੂਜਿਆ ਨੂੰ ਤੁਹਾਡੇ ਰਾਹਾ ਬਾਰੇ ਦਸ ਸੱਕਣ ਅਸਾਨੀ ਨਾਲ ਸਮਝ ਆਉਣ ਵਾਲੇ ਤਰੀਕਿਆ ਵਿੱਚ।''

ਇਹੋ ਜਿਹੀਆਂ ਬੱਚਿਆਂ ਦੇ ਸਿੱਖਣ ਵਾਲੀਆ ਗਤੀਵਿਧੀਆਂ ਚੁਣੋ, ਜਿਹੜੀਆਂ ਉਨ੍ਹਾਂ ਦੀ ਉਮਰ ਅਤੇ ਹਾਲ ਦੀ ਜ਼ਰੂਰਤ ਨੂੰ ਪੂਰਾ ਕਰਦੀਆਂ ਹਨ।

ਇੱਕ ਅਧਿਆਪਕ ਜਾ ਕੋਈ ਵੱਡਾ ਬੱਚਾ ਪੜ੍ਹੇ ਜਾਂ ਲੂੱਕਾ 26-39 ਵਿੱਚੋਂ ਕਹਾਣੀ ਨੂੰ ਯਾਦ ਕਰਕੇ ਦੱਸੇ, ਇੱਕ ਆਦਮੀ ਦੇ ਬਾਰੇ, ਉਹ ਜਿਹਨੂੰ ਭੂਤ (ਦੁਸ਼ਟ ਆਤਮਾਵਾਂ) ਬਹੁਤ ਦੁੱਖ ਦਿੰਦੇ ਸਨ। ਇਹ ਦੱਸਦੀ ਹੈ ਕਿ ਯੀਸ਼ੂ ਨੇ ਉਹਨੂੰ ਚੰਗਾ ਕੀਤਾ ਅਤੇ ਉਹਨੂੰ ਘਰ ਭੇਜਿਆ ਕਿ ਉਹ ਆਪਣੇ ਪਰਿਵਾਰ ਅਤੇ ਮਿੱਤਰਾ ਨੂੰ ਦੱਸੇ ਕਿ ਪਰਮੇਸ਼ਵਰ ਨੇ ਉਹਦੇ ਲਈ ਕੀ ਕੀਤਾ।



ਕਹਾਣੀ ਦੱਸਣ ਤੋਂ ਬਾਦ, ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ। *(ਹਰੇਕ ਉੱਤਰ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ)*

- ਉਹ ਦੁਸ਼ਟ ਆਤਮਾ ਦੇ ਸਤਾਏ ਹੋਏ ਆਦਮੀ ਨੇ ਕੀ ਕੀਤਾ, ਜਦੋਂ ਉਸਨੇ ਯੀਸ਼ੂ ਨੂੰ ਵੇਖਿਆ? (ਦੇਖੋ ਆਇਤ 28)
- ਉਸ ਆਦਮੀ ਨੇ ਕਿਉਂ ਕਿਹਾ ਕਿ ਉਹਦਾ ਨਾ ਲਕਸ਼ਰ ਹੈ? (ਆਇਤ 30)
- ਉਸ ਆਦਮੀ ਨੂੰ ਛੱਡਣ ਤੋਂ ਬਾਦ ਆਤਮਾਵਾਂ ਕਿੱਥੇ ਗਈਆ? (33)
- ਸਰੂਾਂ ਨੂੰ ਕੀ ਹੋਇਆ? (ਆਇਤ 33)
- ਯੀਸ਼ੂ ਨੇ ਉਸ ਆਦਮੀ ਨੂੰ ਉਹਦੇ ਚੰਗੇ ਹੋਣ ਦੇ ਬਾਦ ਕਿੱਥੇ ਭਜਿਆ? (ਆਇਤ 39)
- ਯੀਸ਼ੂ ਨੇ ਉਸ ਅਜਾਦ ਆਦਮੀ ਨੂੰ, ਕੀ ਕਰਨ ਲਈ ਕਿਹਾ? (ਆਇਤ 39)



**ਮਹਤੱਵਪੂਰਨ ਟਿੱਪਣੀ**: ਇੱਕ ਚੰਗਾ ਤਰੀਕਾ ਹੈ, ਲੋਕਾਂ ਨੂੰ ਪਰਮੇਸ਼ਵਰ ਬਾਰੇ ਦੱਸਣ ਦਾ ਕਿ ਉਨ੍ਹਾਂ ਨੂੰ ਆਮ ਆਪਣੇ ਤਰੀਕੇ ਰਾਹੀ ਦੱਸਿਆ ਜਾਵੇ, ਕਿ ਯੀਸ਼ੂ ਨੇ ਤੁਹਾਡੇ ਲਈ ਕੀ ਕੀਤਾ ਹੈ। ਦੱਸੋ ਇਹੋ ਤਰੀਕੇ ਨਾਲ ਤੁਸੀ ਵੀ, ਜਦੋਂ ਕੋਈ ਸ਼ੁੱਭ ਸੰਦੇਸ਼ ਨੂੰ ਦੱਸੇ, ਤਾਂ ਤੁਸੀ ਇੱਕ ਅਨਮੋਲ ਮੋਤੀ ਲੱਭੋਗੇ।

ਇਸ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ ਕਿ ਯੀਸ਼ੂ ਨੇ ਇੱਕ ਆਦਮੀ ਨੂੰ ਦੁਸ਼ਟ ਆਤਮਾਵਾਂ (ਭੂੱਤਾਂ) ਤੋਂ ਅਜਾਦ ਕੀਤਾ ਅਤੇ ਘਰ ਭੇਜਿਆ।

- ਮੁੱਖ ਕਲੀਸੀਆਂ ਅਰਾਧਨਾ ਦੇ ਆਗੂਵੇ ਨਾਲ ਮਿਲਕੇ ਬੱਚਿਆਂ ਲਈ ਇਹ ਨਾਟਕ ਪੇਸ਼ ਕਰਨ ਦੀ ਤਿਆਰੀ ਕਰੇ। ਤੁਹਾਨੂੰ ਸਾਰੇ ਹਿੱਸੇ ਕਰਨ ਦੀ ਜ਼ਰੂਰਤ ਨਹੀ ਹੈ।
- ਆਪਣੇ ਸਮੇਂ ਨੂੰ ਬੱਚਿਆਂ ਨਾਲ ਨਾਟਕ ਤਿਆਰ ਕਰਦੇ ਹੋਏ ਗੁਜਾਰੋ। ਵੱਡੇ ਬੱਚੇ ਤਿਆਰੀ ਵਿੱਚ ਮੱਦਦ ਕਰਨ।
- ਵੱਡੇ ਬੱਚੇ ਜਾਂ ਬਾਲਿਗਾਂ ਇੰਨ੍ਹਾਂ ਹਿੱਸਿਆਂ ਨੂੰ ਕਰਨ, ਚੰਗਾ ਹੋਇਆ ਆਦਮੀ, ਔਰਤ ਅਤੇ ਵਾਚਕ ਜਿਹੜਾ ਕਹਾਣੀ ਨੂੰ ਛੋਟਾ ਕਰਕੇ, ਬੱਚਿਆਂ ਨੂੰ ਯਾਦ ਕਰਨ ਵਿੱਚ ਮੱਦਦ ਕਰੇ ਕਿ ਉਨਾ ਨੂੰ ਕੀ ਆਖਣਾ ਹੈ ਅਤੇ ਕੀ ਕਰਨਾ ਹੈ।

**ਜੇ ਤੁਹਾਡੇ ਕੋਲ ਜਿਆਦਾ ਬੱਚੇ ਨਹੀ ਹਨ ਕਿ ਇਸ ਨਾਟਕ ਦੇ ਕਿਸੇ ਹਿੱਸੇ ਨੂੰ ਕਰਨ ਲਈ, ਤਾਂ ਗਵਾਡੀਆਂ ਦੇ ਬੱਚਿਆਂ ਨੂੰ ਮੱਦਦ ਲਈ ਪੁੱਛੋ। ਜਾਂ ਵਾਚਕ ਉਸਨੂੰ ਜਿਸ ਦੇ ਹਿੱਸੇ ਦੀ ਕਹਾਣੀ ਨੂੰ ਪੜ੍ਹੇ।**

- ਛੋਟੇ ਬੱਚੇ ਆਪਣੇ ਪਰਿਵਾਰ ਅਤੇ ਮਿੱਤਰਾਂ ਦੀ ਤਸਵੀਰ ਬਣਾਉਣ।

**ਵਾਚਕ:** ਲੂੱਕਾ 8:26–37 ਪੜ੍ਹੋ ਜਾਂ ਕਹਾਣੀ ਯਾਦ ਕਰਕੇ ਦੱਸੋ, ਫਿਰ ਆਖੋ ''ਸੁਣੋ ਅਜਾਦ ਹੋਇਆ ਆਦਮੀ ਕੀ ਕਹਿੰਦਾ ਹੈ।''

**ਚੰਗਾ ਹੋਇਆ ਆਦਮੀ:**– ''ਮੇਰਾ ਪਰਿਵਾਰ ਅਤੇ ਮੇਰੇ ਮਿੱਤਰ, ਮੈ ਤੁਹਾਡੇ ਕੋਲ ਘਰ ਆਇਆ ਹਾਂ ਕਿ ਤੁਹਾਨੂੰ ਦੱਸਾਂ ਕਿ ਕਿਹੜੀਆਂ ਮਹਾਨ ਚੀਜਾਂ ਯੀਸ਼ੂ ਨਾਸ਼ਰੀ ਨੇ ਮੇਰੇ ਲਈ ਕੀਤੀਆ।''

**ਪਰਿਵਾਰ ਅਦੇ ਮਿੱਤਰ** :– ਭੱਜ ਕੇ, ਉਸ ਆਦਮੀ ਦੇ ਆਲੇ ਦੁਆਲੇ ਇੱਕਠੇ ਹੋਣ, ਇਸ ਤਰ੍ਹਾਂ ਦੀਆਂ ਚੀਜਾਂ, ਜਿਵੇ, ''ਦੇਖੋ ਉਹਦਾ ਦਿਮਾਗ ਸਹੀ ਹੈ।'' ''ਉਹ ਕਪੜੇ ਵੀ ਸਹੀ ਹਨ।'' ''ਉਹ ਅਰਾਮ ਨਾਲ ਗੱਲਾਂ ਕਰ ਰਿਹਾ ਹੈ।'' ''ਇਹ ਕਿੰਨਾ ਕੀਤਾ?''

**ਔਰਤ (ਪਤਨੀ)**:– ਪਤੀ, ''ਤੂੰ ਤਾਂ ਸੁਦਾਈ ਸੀ।'' ਤੂੰ ਕਬਰਾ ਵਿੱਚ ਸੌਂਦਾ ਸੀ। ਤੂੰ ਆਪਣੇ ਆਪ ਨੂੰ ਵੱਢ ਲਿਆ ਸੀ।''

**ਪਰਿਵਾਰ ਅਤੇ ਮਿੱਤਰ:** ਇਸ ਤਰ੍ਹਾਂ ਚੀਜਾਂ ਆਖਣ, ''ਪਿਤਾ ਜੀ, ਕੀ ਹੋ ਗਿਆ?''

''ਤੁਸੀ ਤਾਂ ਲਸ਼ਕਰ ਆਖਦੇ ਸੀ, ਜਦੋਂ ਤੋਂ ਤੁਹਾਡੇ ਅੰਦਰ ਬਹੁਤ ਸਾਰੀਆ ਦੁਸ਼ਟ ਆਤਮਾਵਾ ਆ ਗਈਆ ਸਨ।''

''ਅਸੀ ਸੋਚਿਆ ਕਿ ਅਸੀ ਤੁਹਾਨੂੰ ਫਿਰ ਕਦੇ ਵੇਖ ਸਕਾਂਗੇ।''

''ਅਸੀਂ ਤੈਨੂੰ ਬੜਾ ਯਾਦ ਕੀਤਾ।''

**ਚੰਗਾ ਹੋਇਆ ਆਦਮੀ:** ''ਯੀਸ਼ੂ ਨਾਸਰੀ ਮੇਰੇ ਕੋਲ ਆਇਆ ਅਤੇ ਉਹਨੇ ਦੁਸ਼ਟ ਆਤਮਾਵਾ ਨੂੰ ਦੂਰ ਘੱਲ ਦਿੱਤਾ। ਉਹ ਸੂਰਾਂ ਦੇ ਇੱਕ ਵੱਡੇ ਝੁੰਡ ਵਿੱਚ ਚੱਲੀਆਂ ਗਈਆਂ। ਫਿਰ ਸ਼ੂਰ ਭੱਜ ਕੇ ਟਿੱਲੇ ਤੇ ਗਏ ਅਤੇ ਉਨ੍ਹਾਂ ਨੇ ਹੇਠਾਂ ਸਮੁੰਦਰ ਵਿੱਚ ਛਲਾਗ ਮਾਰ ਦਿੱਤੀ।

**ਔਰਤ** (ਪਤਨੀ) ''ਮੈ ਯੀਸ਼ੂ ਨੂੰ ਵੇਖਣਾ ਚਾਹੁੰਦੀ ਹਾਂ।''

**ਚੰਗਾ ਹੋਇਆ ਆਦਮੀ:**– ''ਉਸ ਨੇ ਮੇਰੇ ਲਈ ਅਦਭੁਤ ਚੀਜਾਂ ਕੀਤੀਆਂ, ਮੈ ਉਹਦੇ ਨਾਲ ਜਾਣਾ ਚਾਹੁੰਦਾ ਸੀ, ਪਰ ਉਸ ਨੇ ਮੈਨੂੰ ਘਰ ਭੇਜਿਆ ਕਿ ਮੈ ਤੁਹਾਨੂੰ ਉਹਦੇ ਬਾਰੇ ਦੱਸਾਂ। ਉਹ ਤੁਹਾਨੂੰ ਵੀ ਬਹੁਤ ਪਿਆਰ ਕਰਦਾ ਹੈ।''

**ਵਾਚਕ**:– ਹਰੇਕ ਦਾ ਧੰਨਵਾਦ ਕਰੋ, ਜਿੰਨਾ ਨੇ ਮੱਦਦ ਕੀਤੀ ਹੈ।

**ਪ੍ਰਸ਼ਨ:**– ਜੇਕਰ ਬੱਚਿਆਂ ਨੇ ਇਹ ਨਾਟਕ ਬਾਲਿਗਾਂ ਲਈ ਤਿਆਰ ਕੀਤਾ ਹੈ ਤਾਂ ਫਿਰ ਉਪਰ ਦਿੱਤਾ ਪ੍ਰਸ਼ਨ ਉਨ੍ਹਾਂ ਕੋਲੋਂ ਪੁੱਛੋ।

ਬੱਚਿਆਂ ਨੂੰ ਆਖੋ ਕਿ ਉਹ ਦੂਜੀਆ ਚੀਜਾਂ ਦੀਆਂ ਉਦਾਹਰਣਾ ਬਾਰੇ ਦੱਸਣ ਕਿ ਯੀਸ਼ੂ ਨੇ ਉਨ੍ਹਾਂ ਲਈ ਕੀ ਕੀਤਾ ਹੈ, ਉਨ੍ਹਾਂ ਬਾਰੇ ਅਸੀਂ ਦੂਜਿਆਂ ਲੋਕਾਂ ਨੂੰ ਦੱਸਾਗੇ।

ਇੱਕ ਆਮ ਤਸਵੀਰ ਬਣਾਉ ਕਿ ਕੋਈ ਅਖਬਾਰ ਪੜਦਾ ਹੋਇਆ, ਬੱਚੇ ਇਹਦੀ ਨਕਲ ਕਰਨ।



- ਉਹ ਆਪਣੀਆਂ ਤਸਵੀਰਾਂ ਨੂੰ ਆਉਣ ਵਾਲੀ ਅਰਾਧਨਾ ਵੇਲੇ ਬਾਲਿਗਾਂ ਨੂੰ ਦਿਖਾਉਣ।
- ਉਨ੍ਹਾਂ ਨੂੰ ਸਮਝਾਉਣ ਤੋਂ ਇਹ ਦੱਸਦੀਆ ਹਨ ਕਿ ਸਾਨੂੰ ਸੁੱਭ ਸੰਦੇਸ਼ ਨੂੰ ਦੱਸਣਾ ਹੈ, ਯੀਸ਼ੂ ਨੇ ਸ਼ੈਤਾਨ ਦੀਆਂ ਸਾਰੀਆ ਸ਼ਕਤੀਆ ਨੂੰ ਹਰਾ ਕੇ ਫਤਿਹ ਪਾਈ, ਇਹਦੇ ਵਿੱਚ ਦੁਸ਼ਟ ਆਤਮਾ ਅਤੇ ਮੌਤ ਵੀ ਸ਼ਾਮਿਲ ਹੈ।

ਯਾਦ ਕਰੋ ਰੋਮਿਉ 5:8

**ਕਵਿਤਾ:** ਤਿੰਨ ਬੱਚੇ, ਹਰੇਕ 1 ਜਾ 2 ਆਇਤਾਂ ਦੁਹਰਾਉਣ ਜਬੂਰਾਂ ਦੀ ਪੋਥੀ 8:1–5 ਵਿੱਚੋਂ।

ਵੱਡੇ ਬੱਚੇ ਗੀਤ ਜਾਂ ਕਵਿਤਾਵਾਂ ਲਿਖਣ, ਜਿਹੜੀ ਆਪਣੇ ਪਰਿਵਾਰ ਅਤੇ ਮਿੱਤਰਾਂ ਨੂੰ ਯੀਸ਼ੂ ਦੀ ਮੁੱਕਤੀ ਬਾਰੇ ਦੱਸੇ।

**ਪ੍ਰਾਥਨਾ:**– ਪਿਆਰੇ ਪਰਮੇਸ਼ਵਰ, ਅਸੀ ਤੁਹਾਡੀ ਉਸਤਤ ਕਰਦੇ ਹਾ, ਸਾਨੂੰ ਪਿਆਰ ਕਰਨ ਵਾਸਤੇ, ਸਾਨੂੰ ਸ਼ੈਤਾਨ ਅਤੇ ਮੌਤ ਤੋਂ ਬਚਾਇਆ। ਸਾਡੀ ਮੱਦਦ ਕਰੋ ਕਿ ਅਸੀਂ ਦੂਜਿਆਂ ਬੱਚਿਆਂ ਨੂੰ ਤੁਹਾਡੇ ਰਾਹਾਂ ਬਾਰੇ ਦੱਸੀਏ, ਜਿਹੜੇ ਉਨ੍ਹਾਂ ਵਾਸਤੇ ਸਾਫ ਸੁਥਰੇ ਹਨ।

Copyright 2004 © by Paul-Timothy. May be freely copied. Download from www.Paul-Timothy.net